ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਜਗਤ ਮੈਟਲਜ਼ ਪ੍ਰਾਈਵੇਟ ਲਿਮਟਿਡ, ਵੱਲੋ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਅੰਬੇਮਾਜਰਾ, ਨੇੜੇ 220 ਕੇ.ਵੀ. ਪਾਵਰ ਹਾਊਸ, ਮੰਡੀ ਗੋਬਿੰਦਗੜ, ਤਹਿਸੀਲ ਅਮਲੋਹ, ਜਿਲਾ ਫਤਹਿਗੜ ਸਾਹਿਬ ਵਿਖੇ ਸਥਿਤ ਹੈ, ਵਿੱਚ ਤਜਵੀਜਤ ਵਾਧੇ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 09.11.2018 ਦੀ ਕਾਰਵਾਈ ।

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ਼੍ਰੀ ਜਸਪ੍ਰੀਤ ਸਿੰਘ, ਆਈ.ਏ.ਐਸ.,
   ਵਧੀਕ ਡਿਪਟੀ ਕਮਿਸ਼ਨਰ,
   ਫਤਹਿਗੜ ਸਾਹਿਬ ।

2. ਇੰਜ: ਪਰਵੀਨ ਸਲੂਜ਼ਾ,
   ਵਾਤਾਵਰਣ ਇੰਜੀਨੀਅਰ (ਮੈਗਾ),
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਪਟਿਆਲਾ

3 ਇੰਜ: ਵਿਜੈ ਕੁਮਾਰ,
   ਵਾਤਾਵਰਣ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫਤਰ, ਫਤਹਿਗੜ ਸਾਹਿਬ ।

ਵਾਤਾਵਰਨ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸ: ਜਗਤ ਮੈਟਲਜ਼ ਪ੍ਰਾਈਵੇਟ ਲਿਮਟਿਡ, ਵੱਲੋ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਅੰਬੇਮਾਜਰਾ, ਨੇੜੇ 220 ਕੇ.ਵੀ. ਪਾਵਰ ਹਾਊਸ, ਮੰਡੀ ਗੋਬਿੰਦਗੜ, ਤਹਿਸੀਲ ਅਮਲੋਹ, ਜਿਲਾ ਫਤਹਿਗੜ ਸਾਹਿਬ ਦੀ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ । ਉਸਨੇ ਦੱਸਿਆ ਕਿ ਮੈਸ: ਜਗਤ ਮੈਟਲਜ਼ ਪ੍ਰਾਈਵੇਟ ਲਿਮਟਿਡ, ਨੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਅੰਬੇਮਾਜਰਾ, ਨੇੜੇ 220 ਕੇ.ਵੀ. ਪਾਵਰ ਹਾਊਸ, ਮੰਡੀ ਗੋਬਿੰਦਗੜ, ਤਹਿਸੀਲ ਅਮਲੋਹ, ਜਿਲਾ ਫਤਹਿਗੜ ਸਾਹਿਬ ਵਿਖੇ ਸਥਿਤ ਹੈ, ਮੋਜੂਦਾ 6 ਟਨ ਪ੍ਰਤੀ ਹੀਟ ਇੰਡਕਸ਼ਨ ਭੱਠੀ ਤੋ ਇਲਾਵਾ ਇੱਕ ਹੋਰ ਇੰਡਕਸ਼ਨ ਭੱਠੀ 8 ਟਨ ਪ੍ਰਤੀ ਹੀਟ ਲਗਾਕੇ ਪਲਾਂਟ ਦੀ ਪ੍ਰੋਡਕਸ਼ਨ ਸਮਰੱਥਾ ਸਟੀਲ ਇੰਗਟਸ 72 ਟਨ ਪ੍ਰਤੀ ਦਿਨ ਤੋਂ ਵਧਾ ਕੇ 170 ਟਨ ਪ੍ਰਤੀ ਦਿਨ ਕਰਨ ਦੀ ਤਜਵੀਜ ਹੈ । ਸਟੇਟ ਲੈਵਲ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਵਲੋਂ ਸਨਅਤ ਦੀ ਅਰਜ਼ੀ ਵਿਚਾਰਣ ਉਪਰੰਤ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ ਕਰਨ ਲਈ ਸਨਅਤ ਨੂੰ "ਟਰਮਜ਼ ਆਫ ਰੈਫਰੇਂਸ" ਜਾਰੀ ਕੀਤੇ ਗਏ ਸਨ । ਹੁਣ, ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ । ਵਾਤਾਵਰਣ ਇੰਜੀਨੀਅਰ (ਮੈਗਾ) ਨੇ ਹਾਜਰ ਜਨਤਾ ਨੂੰ ਸਨਅਤ ਵਲੋਂ ਦੱਸੀ ਗਈ ਜਗਾ ਤੇ ਵਾਧਾ ਕਰਨ ਲਈ ਉਪਰੋਕਤ ਦਰਸਾਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਦੱਸਿਆ । ਉਹਨਾਂ

ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਫਤਹਿਗੜ ਸਾਹਿਬ; ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਟਰ, ਫਤਹਿਗੜ ਸਾਹਿਬ ਐਟ ਮੰਡੀ ਗੋਬਿੰਦਗੜ; ਐਗਜੈਕਟਿਵ ਅਫਸਰ ਮਿਊਸੀਪਲ ਕੌਂਸਲ ਮੰਡੀ ਗੋਬਿੰਦਗੜ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਖੇਤਰੀ ਦਫਤਰ, ਫਤਹਿਗੜ ਸਾਹਿਬ ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਤਿੰਨ ਮਹੱਤਵਪੂਰਨ ਅਖਬਾਰਾਂ ਅਰਥਾਤ ਹਿੰਦੁਸਤਾਨ ਟਾਈਮਜ਼, ਪੰਜਾਬੀ ਟ੍ਰਿਬਿਊਨ, ਅਤੇ ਜੱਗਬਾਣੀ ਵਿੱਚ ਮਿਤੀ 09/10/2018 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਉਪਰੰਤ ਉਹਨਾਂ ਪ੍ਰੋਜੈਕਟ ਪ੍ਰੋਪੋਨੈਂਟ ਦੇ ਨੁਮਾਇੰਦੇ ਜੋ ਕਿ ਸਨਅਤ ਦੇ ਵਾਤਾਵਰਣ ਸਲਾਹਕਾਰ ਵੀ ਹਨ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਖਰੜਾ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਪ੍ਰੋਜੈਕਟ ਪ੍ਰੋਪੋਨੈਂਟ ਦੇ ਵਾਤਾਵਰਣ ਸਲਾਹਕਾਰ ਡਾ: ਸੰਦੀਪ ਗਰਗ ਨੇ ਜਨਤਾ ਨੂੰ ਪ੍ਰਸਤਾਵਿਤ ਵਾਧੇ ਦੇ ਪ੍ਰੋਜੈਕਟ ਬਾਰੇ ਵਿਸਥਾਰ ਹੇਠ ਲਿਖੇ ਅਨੁਸਾਰ ਬਿਆਨ ਕੀਤਾ:

| | | | |
|---|---|---|---|
| 1. | ਪ੍ਰੋਜੈਕਟ ਦਾ ਨਾਂ | : | ਮੈਸ: ਜਗਤ ਮੈਟਲਜ਼ ਪ੍ਰਾਈਵੇਟ ਲਿਮਟਿਡ, |
| 2. | ਪ੍ਰੋਜੈਕਟ ਦੀ ਕਿਸਮ | : | ਸਟੀਲ ਨਿਰਮਾਣ ਇਕਾਈ (ਵਿਸਥਾਰ) |
| 3. | ਸਥਾਨ | : | ਪਿੰਡ ਅੰਬੇਮਾਜਰਾ, ਨੇੜੇ 220 ਕੇ.ਵੀ. ਪਾਵਰ ਹਾਊਸ, ਮੰਡੀ ਗੋਬਿੰਦਗੜ, ਤਹਿਸੀਲ ਅਮਲੋਹ, ਜਿਲਾ ਫਤਹਿਗੜ ਸਾਹਿਬ |
| 4. | ਭੱਠੀਆਂ | : | ਮੋਜੂਦਾ 1×6 ਟੀ.ਪੀ.ਐਚ<br>ਪ੍ਰਸਤਾਵਿਤ 1×8 ਟੀ.ਪੀ.ਐਚ |
| 5. | 10 ਕਿ.ਮੀ ਦੇ ਘੇਰੇ ਦੀਆਂ ਵਿਸ਼ੇਸ਼ਤਾਵਾਂ | i.<br>ii.<br>iii.<br>iv. | ਪੁਰਾਤੱਤਵ ਮਹੱਤਵਪੂਰਣ ਸਥਾਨ ---- Nil<br>ਜੰਗਲੀ ਜੀਵਨ ਅਸਥਾਨ ---- Nil<br>ਰਿਜ਼ਰਵਡ/ ਸੁਰੱਖਿਅਤ ਜੰਗਲ ---- Nil<br>ਇਤਿਹਾਸਕ ਸਥਾਨ ---- Nil |

| | | | | | |
|---|---|---|---|---|---|
| | | | v.<br>vi. | ਨਦੀ/ਨਹਿਰ ਭਾਖੜਾ ਨਹਿਰ<br>ਉਦਯੋਗ ---- ਹਰ ਤਰਾਂ ਦੇ | |
| 6. | ਕੁਲ ਜ਼ਮੀਨ | | : | 13,764.31 ਵਰਗ ਮੀਟਰ । ਵਿਸਥਾਰ ਲਈ ਹੋਰ ਜਮੀਨ ਦੀ ਲੋੜ ਨਹੀਂ । | |
| 7. | ਉਤਪਾਦ ਦਾ ਨਾਮ | ਮੌਜੂਦਾ (ਟਨ ਪ੍ਰਤੀ ਦਿਨ) | | ਪ੍ਰਸਤਾਵਿਤ (ਟਨ ਪ੍ਰਤੀ ਦਿਨ) | ਕੁੱਲ (ਟਨ ਪ੍ਰਤੀ ਸਲਾਨਾ) |
| | ਸਟੀਲ ਇੰਗਟਸ, | 72 | | 98 | 170 |
| 8. | ਕੱਚਾ ਮਾਲ/ਸ੍ਰੋਤ | | | | |
| | ਲੜੀ ਨੰਬਰ | ਕੱਚਾ ਮਾਲ | | ਸ੍ਰੋਤ | ਆਵਾਜਾਈ ਦਾ ਢੰਗ |
| | 1) | ਸਕਰੈਪ ਅਤੇ ਫੈਰੋ ਅਲਾਇਜ਼ | | ਸਥਾਨਕ ਬਜ਼ਾਰ | ਆਵਾਜਾਈ ਕਵਰ ਟਰੱਕਾਂ ਦੁਆਰਾ ਸੜਕ ਦੇ ਰਾਂਹੀ । |
| 9. | ਕਾਮਿਆਂ ਦੀ ਗਿਣਤੀ | | : | ਮੌਜੂਦਾ – 50<br>ਪ੍ਰਸਤਾਵਿਤ – 25<br>ਕੁੱਲ – 75 | |
| 10. | ਪ੍ਰੋਜੈਕਟ ਦੀ ਲਾਗਤ (ਰੁਪਏ) | | : | ਮੌਜੂਦਾ – 530.74 ਲੱਖ<br>ਪ੍ਰਸਤਾਵਿਤ – 292.51 ਲੱਖ<br>ਕੁੱਲ – 823.25 ਲੱਖ | |
| 11. | ਪ੍ਰਦੂਸ਼ਣ ਕੰਟਰੋਲ ਸਿਸਟਮ ਦੀ ਲਾਗਤ (ਰੁਪਏ) | | : | 66.5 ਲੱਖ ਅਤੇ 16 ਲੱਖ (ਆਵਰਤੀ) ਸਲਾਨਾ | |
| 12. | ਲੋੜੀਦੀ ਬਿਜਲੀ (KVA) | | : | ਮੌਜੂਦਾ ਪ੍ਰਸਤਾਵਿਤ ਕੁੱਲ<br>3,200 3,000 6,200 | |
| 13. | ਬਿਜਲੀ ਦਾ ਸ੍ਰੋਤ | | : | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ | |
| 14. | ਲੋੜੀਦੀ ਪਾਣੀ (ਕਿਲੋ ਲੀਟਰ ਪ੍ਰਤੀ ਦਿਨ) | | : | ਮੌਜੂਦਾ ਪ੍ਰਸਤਾਵਿਤ ਕੁੱਲ<br>ਘਰੇਲੂ 2.2 1.3 3.5<br>ਠੰਡਾ ਕਰਨਾ 5.8 11.3 25.0<br>ਕੁੱਲ 8.0 20.5 28.5 | |
| 15. | ਪਾਣੀ ਦ ਸਰੋਤ | | : | ਧਰਤੀ ਹੇਠਲੇ ਪਾਣੀ ਨੂੰ ਕੱਢਣ ਲਈ ਪਹਿਲਾਂ ਤੋ ਕੀਤੇ ਬੋਰ ਨੂੰ ਵਰਤਿਆ ਜਾਵੇਗਾ । ਸੀ.ਜੀ.ਡਬਲਯੂ ਏ ਦੀ ਮੰਜੂਰੀ ਲਈ ਉਨ੍ਹਾਂ ਵਲੋ ਸਮਰੱਥ ਅਧਿਕਾਰੀਆਂ ਨੂੰ ਅਰਜ਼ੀ ਦਿੱਤੀ ਹੋਈ ਹੈ । | |

| | | | |
|---|---|---|---|
| 16. | ਪ੍ਰਦੂਸ਼ਤ ਪਾਣੀ ਦਾ ਮਾਤਰਾ | : | ਘਰੇਲੂ = 3.0 (ਕਿਲੋ ਲੀਟਰ ਪ੍ਰਤੀ ਦਿਨ)<br>ਠੰਡਾ ਕਰਨਾ = ਨਿਲ (ਸਾਰਾ ਠੰਡਾ ਕਰਨ ਵਾਲਾ ਪਾਣੀ ਮੁੜ ਸਰਕੂਲੇਸ਼ਨ ਵਿੱਚ ਲਿਆਂਦਾ ਜਾਵੇਗਾ) |
| 17. | ਪ੍ਰਦੂਸ਼ਤ ਪਾਣੀ ਦਾ ਸ਼ੁੱਧੀਕਰਨ | : | ਘਰੇਲੂ ਗੰਦੇ ਪਾਣੀ ਨੂੰ 5 ਕੇਐਲਡੀ ਦੀ ਪ੍ਰਸਤਾਵਿਤ ਐਸ.ਟੀ.ਪੀ ਰਾਂਹੀ ਟਰੀਟ ਕੀਤਾ ਜਾਂਦਾ ਹੈ ਜੋ ਕਿ ਪ੍ਰੋਜੈਕਟ ਪਰਿਸ਼ਰ ਦੇ ਅੰਦਰ ਹੈ । ਸੁੱਧ ਕੀਤਾ ਪਾਣੀ ਦਾ ਇਸਤੇਮਾਲ ਅੰਦਰ ਲਗਾਏ ਗਏ ਪੌਦਿਆਂ ਅਤੇ ਲੈਡਸਕੈਪਿੰਗ ਲਈ ਕੀਤਾ ਜਾਵੇਗਾ । |
| 18. | ਵਾਯੂਮੰਡਲ ਹਵਾ ਦੀ ਗੁਣਵੱਤਾ | : | ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਡਾਈਆਕਸਾਈਡ ਅਤੇ ਕਾਰਬਨ ਮੋਨੋਆਸਾਈਡ ਪੱਧਰ ਦੇ ਤਿੰਨ ਮਹੀਨਿਆਂ (ਮਾਰਚ-ਮਈ, 2018) ਲਈ ਅੱਠ ਥਾਵਾਂ ਦਾ ਅਧਿਐਨ ਕੀਤਾ ਗਿਆ। ਪੀ. 98 ਪ੍ਰਦੂਸ਼ਕਾਂ ਦੇ ਮਾਪਦੰਡ ਹੇਠ ਲਿਖੇ ਅਨੁਸਾਰ ਹਨ:-<br>i. ਪੀ.ਐਮ.$_{2.5}$ - 111.92 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>ii. ਪੀ.ਐਮ.$_{10}$ - 197.32 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>iii. ਸਲਫਰ ਡਾਈਆਕਸਾਈਡ - 11.74 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>iv. ਨਾਈਟ੍ਰੋਜਨ ਡਾਈਆਕਸਾਈਡ - 25.36 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ ਅਤੇ<br>v. ਕਾਰਬਨ ਮੋਨੋਆਕਸਾਈਡ- 1.5 ਮਿਲੀਗ੍ਰਾਮ / ਮੀਟਰ ਘਣ ਹੈ।<br>ਬੇਸਲਾਈਨ ਹਵਾ ਗੁਣਵੱਤਾ ਪੱਧਰੀ ਰਿਹਾਇਸ਼ੀ ਅਤੇ ਉਦਯੋਗਿਕ ਖੇਤਰ ਲਈ ਨਿਰਧਾਰਤ ਨੈਸ਼ਨਲ ਅੰਬੀਨਟ ਏਅਰ ਕੁਆਲਿਟੀ ਸਟੈਂਡਰਡ ਦੇ ਅੰਦਰ ਹਨ (ਮਿਆਰਾਂ ਅਨੁਸਾਰ ਕ੍ਰਮਵਾਰ ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ ਲਈ 60, 100, 80 ਅਤੇ 80 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ) । ਤਜਵੀਜਤ ਵਾਧੇ ਦਾ ਹਵਾ ਦੀ ਗੁਣਵਤਾ ਉਪਰ ਅਸਰ ਪਹਿਲਾਂ ਦੀ ਤੁਲਨਾ ਵਿੱਚ ਬਹੁਤ ਘੱਟ ਹੋਵੇਗਾ । |
| 19. | ਪਾਣੀ ਦੀ ਗੁਣਵੱਤਾ | | ਰਸਾਇਣਿਕ ਅਤੇ ਜੈਵਿਕ ਵਿਸ਼ਲੇਸ਼ਣ ਲਈ ਅਧਿਐਨ ਖੇਤਰ ਤੋ ਅੱਠ ਧਰਤੀ ਹੇਠਲੇ ਪਾਣੀ ਦੇ ਨਮੂਨੇ ਅਤੇ ਇਕ ਸਤਹ ਪਾਣੀ ਦੇ ਨਮੂਨੇ |

| | | | |
|---|---|---|---|
| | | | ਇਕੱਤਰ ਕੀਤੇ ਗਏ ਸਨ। ਅਧਿਐਨ ਖੇਤਰ ਦੇ ਭੂਮੀਗਤ ਪਾਣੀ ਦੀ ਗੁਣਵੱਤਾ ਸੰਤੋਸ਼ਜਨਕ ਹੈ। ਪਾਣੀ ਦੀ ਗੁਣਵੱਤਾ ਵਿੱਚ ਕੋਈ ਧਾਤ ਜਾਂ ਜਰਾਸੀਮੀ ਦੂਸ਼ਿਤ ਪਦਾਰਥ ਪਾਇਆ ਗਿਆ ਹੈ। ਪਰ ਅਧਿਐਨ ਖੇਤਰ ਦੇ ਸਤਹਿ ਪਾਣੀ ਦੇ ਨਮੂਨੇ ਬੈਕਟਰਿਅਲ ਦੂਸ਼ਿਤ ਪਾਏ ਗਏ । |
| 20. | ਸ਼ੋਰ ਵਾਤਾਵਰਣ | | ਅਧਿਐਨ ਖੇਤਰ ਵਿੱਚ 8 ਸਥਾਨਾਂ ਤੇ ਵਾਤਾਵਰਨ ਸ਼ੋਰ ਦੇ ਪੱਧਰ ਤੇ ਨਿਗਰਾਨੀ ਕੀਤੀ ਗਈ। ਅਧਿਐਨ ਖੇਤਰ ਵਿੱਚ ਸ਼ੋਰ ਪੱਧਰ 52.6 ਡੀ.ਬੀ.(ਏ) ਤੋ 68.3 ਡੀ.ਬੀ. (ਏ) ਦਿਨ ਦੇ ਸਮੇ ਅਤੇ 42.1 ਡੀ.ਬੀ.(ਏ) ਤੋਂ 57.2 ਡੀ.ਬੀ.(ਏ) ਰਾਤ ਦੇ ਸਮੇਂ ਤੱਕ ਵੱਖ-ਵੱਖ ਹੁੰਦੇ ਹਨ । ਪ੍ਰੋਜੈਕਟ ਸਾਈਟ ਤੇ ਸਭ ਤੋ ਉਚੇ ਪੱਧਰਾਂ ਨੂੰ ਦੇਖਿਆ ਗਿਆ। ਬੇਸਲਾਈਨ ਸ਼ੋਰ ਦਾ ਪੱਧਰ ਰਾਸ਼ਟਰੀ ਮਾਨਕਾਂ ਦੇ ਅੰਦਰ ਪਾਇਆ ਗਿਆ। ਬਿਹਤਰ ਪ੍ਰਦੂਸ਼ਣ ਨਿਯੰਤਰਣ ਦੀ ਸਹੂਲਤ ਦੇ ਕਾਰਨ ਪ੍ਰਸਤਾਵਿਤ ਪਸਾਰ ਦਾ ਮੌਜੂਦਾ ਇਕਾਈ ਦੀ ਤੁਲਨਾ ਵਿੱਚ ਵਾਤਾਵਰਣ ਉਪਰ ਘੱਟ ਅਸਰ ਹੋਵੇਗਾ। |
| 21. | ਮਿੱਟੀ ਦੀ ਗੁਣਵੱਤਾ | | ਅਧਿਐਨ ਖੇਤਰ ਤੋ ਅੱਠ ਮਿੱਟੀ ਦੇ ਨਮੂਨੇ ਇੱਕਤਰ ਕੀਤੇ ਗਏ ਸਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਸੀ। ਮਿੱਟੀ ਦੀ ਜੈਵਿਕ ਪਦਾਰਥ, ਨਾਈਟ੍ਰੋਜਨ, ਪੋਟਾਸ਼ੀਅਮ ਅਤੇ ਫਾਸਫੋਰਸ ਸਮੱਗਰੀ ਮੱਧਮ ਹੈ। ਸਾਰੇ ਮਿੱਟੀ ਦੇ ਨਮੂਨਿਆਂ ਦੇ pH ਸਵੀਕਾਰਯੋਗ ਸੀਮਾ ਦੇ ਅੰਦਰ ਹਨ। ਪ੍ਰਸਤਾਵਿਤ ਪਲਾਟ ਦਾ ਮਿੱਟੀ ਤੇ ਕੋਈ ਅਸਰ ਨਹੀ ਹੋਵੇਗਾ। |
| 22. | ਖਤਰਨਾਕ ਕਚਰਾ | | ਹਵਾ ਪ੍ਰਦੂਸ਼ਣ ਕੰਟਰੋਲ ਚੋ ਨਿਕਲਿਆ ਕਚਰਾ ਮੈਟਰ ਰਿਕਵਰੀ ਲਈ ਮੈਸ: ਮਾਧਵ ਅਲਾਇਜ਼ ਪ੍ਰਾਈਵੇਟ ਲਿਮਟਿਡ ਵਿਖੇ ਭੇਜਿਆ ਜਾਵੇਗਾ । ਜੇਕਰ ਮੈਸ: ਮਾਧਵ ਅਲਾਇਜ਼ ਪ੍ਰਾਈਵੇਟ ਲਿਮਟਿਡ ਵਲੋ ਇਹ ਵੇਸਟ ਲੈਣ ਤੋਂ ਮਨਾਂ ਕੀਤਾ ਜਾਂਦਾ ਹੈ ਤਾਂ ਇਸ ਦੀ ਡਿਸਪੋਜ਼ਲ ਲਈ ਇਹ ਟੀ.ਐਸ.ਡੀ.ਐਫ ਜਗਾ ਤੇ ਭੇਜ਼ ਦਿੱਤਾ ਜਾਵੇਗਾ। ਜਨਰੇਟਰ ਵਿੱਚ ਵਰਤਿਆ ਹੋਇਆ ਤੇਲ ਡਰਮ ਵਿੱਚ ਰਖਿਆ ਜਾਵੇਗਾ ਅਤੇ ਰੀਸਾਇਕਲਰ ਨੂੰ ਵੇਚ ਦਿੱਤਾ ਜਾਵੇਗਾ। |

| | | | |
|---|---|---|---|
| 23. | ਹਵਾ ਪ੍ਰਦੂਸ਼ਣ ਕੰਟਰੋਲ ਯੰਤਰ | : | ਆਵਰਤੀ ਭੱਠੀਆਂ ਦੇ ਉਪਰ ਪਲਸ ਜੈਟ ਬੈਗ ਫਿਲਟਰ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ ਦੇ ਵਜੋ ਲਗਾਇਆ ਜਾਵੇਗਾ ਅਤੇ ਜਿਸ ਉਪਰ ਆਨ ਲਾਈਨ ਮੋਨਟਰਿੰਗ ਸਿਸਟਮ ਨੂੰ ਵੀ ਲਗਾਇਆ ਜਾਵੇਗਾ । |
| 24. | ਠੋਸ ਕਚਰਾ | | ਭੱਠੀ ਚੋ ਨਿਕਲੀ ਹੋਈ ਸਲੈਗ ਨੂੰ ਟਾਇਲਾਂ ਬਨਾਉਣ ਲਈ ਵਰਤਿਆ ਜਾਵੇਗਾ ਜਿਸ ਲਈ ਉਹ ਟਾਇਲ ਨਿਰਮਾਤਾਵਾਂ ਨਾਲ ਲਿਖਿਤ ਸਮਝੋਤਾ ਕਰਨਗੇ । ਕੁਝ ਸਲੈਗ ਚੂਰਾ ਕਰਨ ਤੋ ਬਾਅਦ ਸੜਕ ਬਨਾਉਣ ਦੇ ਕੰਮ ਜਾਂ ਨੀਵੀਂ ਜਗਾ ਨੂੰ ਭਰਣ ਦੇ ਕੰਮ ਵਿੱਚ ਵਰਤਿਆ ਜਾਵੇਗਾ । |
| 25. | ਨਿਗਰਾਨੀ ਸੈੱਲ | <br>1.<br>2.<br>3. | ਨਿਗਰਾਨੀ ਸੈੱਲ ਹੇਠ ਲਿਖੇ ਅਨੁਸਾਰ ਹੋਵੇਗੀ<br>ਮਾਲਕ<br>ਪ੍ਰੋਜੈਕਟ ਇੰਚਾਰਜ<br>ਵਾਤਾਵਰਨ ਸਲਾਹਕਾਰ |
| 26. | ਸੀ.ਈ.ਆਰ ਗਤੀਵਿਧੀਆਂ | : | ਇੰਡਸਟਰੀ ਵਲੋਂ 2 ਲੱਖ ਰੁਪਏ ਰੱਖੇ ਗਏ ਹਨ ਜੋ ਕਿ ਸੀ.ਈ.ਆਰ ਗਤੀਵਿਧੀਆਂ ਤੇ ਖਰਚ ਕੀਤੇ ਜਾਣਗੇ । |

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ, ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1 | ਸ੍ਰੀ ਗੁਰਦੀਪ ਸਿੰਘ, ਵਾਈਸ ਪ੍ਰੈਜੀਡੈਂਟ ਕਾਂਗਰਸ, ਵਾਸੀ ਪਿੰਡ ਅੰਬੇ-ਮਾਜਰਾ, ਜਿਲਾ ਫਤਹਿਗੜ ਸਾਹਿਬ । | ਉਸ ਨੇ ਵਧੀਕ ਡਿਪਟੀ ਕਮਿਸ਼ਨਰ ਅਤੇ ਜਨਤਕ ਸੁਣਵਾਈ ਵਿੱਚ ਮੌਜੂਦ ਜਨਤਾ ਨੂੰ ਜੀ ਆਇਆਂ ਕਿਹਾ । ਉਸ ਨੇ ਇੰਡਸਟਰੀ ਦੇ ਮਾਲਕ ਦਾ ਇੰਡਸਟਰੀ ਦੇ ਪ੍ਰਸਤਾਵਿਤ ਵਾਧੇ ਲਈ ਧੰਨਵਾਦ ਕੀਤਾ ਕਿਉਂਕਿ, ਇਸ ਵਾਧੇ ਨਾਲ ਲੋਕਾਂ ਲਈ ਰੋਜਗਾਰ ਦੇ ਮੌਕੇ ਪੈਦਾ ਹੋਣਗੇ । ਉਸ ਨੇ ਕਿਹਾ ਕਿ ਇਲਾਕੇ ਵਿੱਚ ਪ੍ਰਦੂਸ਼ਣ ਹੈ ਅਤੇ ਇੱਕ ਇੰਡਸਟਰੀ ਮੈਸ: ਰੁਦਰਾ ਅਲਾਇਜ਼ ਪ੍ਰਦੂਸਣ ਫੈਲਾ ਰਹੀ ਹੈ । ਇਹ ਇੰਡਸਟਰੀ ਆਪਣੇ ਪ੍ਰਦੂਸ਼ਣ ਰੋਕਥਾਮ ਯੰਤਰ ਚਲ ਰਹੀ ਹੈ ਇਸ ਕਰਕੇ ਇਸ ਇੰਡਸਟਰੀ ਤੋ ਕੋਈ ਸਿਕਾਇਤ ਨਹੀ ਹੈ । ਉਸ ਨੇ ਵਧੀਕ ਡਿਪਟੀ ਕਮਿਸ਼ਨਰ ਦਾ, ਉਹਨਾਂ ਦੇ ਪਿੰਡ ਨੂੰ ਜਾਂਦੀ ਸੜਕ, ਜਿਸ ਦੀ ਕਿ ਹਾਲਤ ਬਹੁਤ ਖਰਾਬ ਹੈ ਦੀ ਰਿਪੇਅਰ ਪਾਸ ਕਰਵਾਉਣ ਲਈ ਧੰਨਵਾਦ ਕੀਤਾ । ਉਸ ਨੇ ਅੱਗੇ ਕਿਹਾ ਕਿ ਇੰਡਸਟਰੀ ਨੂੰ ਹੋਰ ਜਿਆਦਾ ਬੂਟੇ/ਦਰੱਖਤ ਲਗਾਉਣ ਚਾਹੀਦੇ ਹਨ । ਉਸ ਨੇ ਕਿਹਾ ਕਿ ਉਹਨਾਂ ਦੇ ਪਿੰਡ ਵਿੱਚ ਸਮਸ਼ਾਨ ਘਾਟ ਵਿੱਚ ਇੱਕ ਹੋਰ ਸੈਂਡ ਦੀ ਜਰੂਰਤ ਹੈ ਅਤੇ ਉਹ ਮੰਗ ਕਰਦਾ ਹੈ ਕਿ ਉਸ ਦੇ ਪਿੰਡ ਦੇ ਸਮਸ਼ਾਨ ਘਾਟ ਵਿੱਚ ਇੱਕ ਹੋਰ ਸੈਂਡ ਅਤੇ ਪਖਾਨਾ ਬਣਾਇਆ ਜਾਵੇ । ਉਸ ਨੇ ਫਿਰ ਕਿਹਾ ਕਿ ਇੰਡਸਟਰੀ ਦੇ ਵਾਧੇ ਨਾਲ ਨੇੜੇ ਦੇ ਇਲਾਕੇ ਦੇ ਲੋਕਾਂ ਨੂੰ ਰੋਜਗਾਰ ਮਿਲੇਗਾ । | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਟਰਮਜ਼ ਆਫ ਰੈਫਰੈਸ ਦੀ ਸ਼ਰਤ ਮੁਤਾਬਿਕ ਇੰਡਸਟਰੀ ਨੂੰ ਪਲਾਟ ਦੇ ਕੁਲ ਖੇਤਰਫਲ ਦਾ 33 ਪ੍ਰਤੀਸ਼ਤ ਗਰੀਨ ਬੈਲਟ ਵਜ਼ੋ ਵਿਕਸ਼ਿਤ ਕਰਨਾ ਹੀ ਪਵੇਗਾ। ਉਸ ਨੇ ਅੱਗੇ ਦੱਸਿਆ ਕਿ ਪਿੰਡ ਅੰਬੇਮਾਜਰਾ ਦੇ ਸਮਸਾਨ ਘਾਟ ਲਈ ਸੈਂਡ ਅਤੇ ਪਖਾਨਾ ਬਨਾਉਣ ਲਈ 2 ਲੱਖ ਰੁਪਏ ਖਰਚ ਕੀਤੇ ਜਾਣਗੇ । ਮੈਸ: ਰੁਦਰਾ ਅਲਾਇਜ਼ ਇੰਡਸਟਰੀ ਵਲੋਂ ਪ੍ਰਦੂਸ਼ਣ ਫੈਲਾਉਣ ਦੇ ਸੰਬੰਧ ਵਿੱਚ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਫਤਹਿਗੜ ਸਾਹਿਬ ਵਲੋ ਦੱਸਿਆ ਗਿਆ ਕਿ ਉਹਨਾਂ ਦੀ ਚਿੰਤਾ ਦਾ ਵਿਸ਼ਾ ਨੋਟ ਕਰ ਲਿਆ ਗਿਆ ਹੈ ਜਿਸ ਲਈ ਇੰਡਸਟਰੀ ਦੇ ਨਿਰੀਖਣ ਕਰਨ ਤੋ ਬਾਅਦ ਵੱਖਰੇ ਤੋਰ ਤੇ ਕਾਰਵਾਈ ਕੀਤੀ ਜਾਵੇਗੀ । |

| | | | |
|---|---|---|---|
| | | ਉਸ ਨੇ ਮੰਗ ਕੀਤੀ ਉਹਨਾਂ ਦੇ ਪਿੰਡ ਨੂੰ ਜਾਂਦੀ ਸੜਕ ਬਣਵਾਈ ਜਾਵੇ । | |
| 2 | ਸ੍ਰੀ ਮਹਿੰਦਰ ਸਿੰਘ, ਵਾਸੀ ਪਿੰਡ ਅੰਬੇਮਾਜਰਾ, ਜਿਲਾ ਫਤਹਿਗੜ ਸਾਹਿਬ | ਉਸ ਨੇ ਅਫਸਰਾਂ ਦਾ ਅਤੇ ਜਨਤਕ ਸੁਣਵਾਈ ਵਿੱਚ ਮੋਜੂਦ ਜਨਤਾ ਨੂੰ ਜੀ ਆਇਆਂ ਕਿਹਾ । ਉਸ ਨੇ ਕਿਹਾ ਕਿ ਇੰਡਸਟਰੀ ਅਤੇ ਪਬਲਿਕ ਵਿਚਾਲੇ ਇੱਕ ਦੂਜ਼ੇ ਦੇ ਵਿਹਾਰ ਉਪਰ ਨਿਰਭਰ ਹੰਦੇ ਹਨ ਪਰ, ਵਧੀਆ ਸੰਬੰਧ ਬਨਾਉਣ ਲਈ ਇੰਡਸਟਰੀਆਂ ਆਪਣੇ ਵਾਅਦੇ ਪੂਰੇ ਨਹੀਂ ਕਰ ਰਹੀਆਂ । ਇਸ ਏਰੀਏ ਵਿੱਚ ਪ੍ਰਦੂਸਣ ਹੈ ਜੋ ਕਿ ਸਿਰਫ ਇੰਡਸਟਰੀਆਂ ਤੋ ਹੀ ਨਹੀਂ ਬਲਕਿ ਕਿਸ਼ਾਨਾਂ ਵਲੋ ਪਰਾਲੀ ਨੂੰ ਸਾੜਨ ਤੋਂ ਵੀ ਹੁੰਦਾ ਹੈ । ਇੰਡਸਟਰੀਆਂ ਵਲੋ ਜਨਤਕ ਸੁਣਵਾਈ ਦੋਰਾਨ ਵਾਅਦੇ ਕੀਤੇ ਜਾਂਦੇ ਹਨ ਪਰ ਉਹ ਪੂਰੇ ਨਹੀਂ ਕੀਤੇ ਜਾਂਦੇ । ਲੋਕਾਂ ਦੀ ਮੰਗ ਕਾਰਨ ਇੱਥੇ 11,000 ਬੂਟੇ ਲਗਾਏ ਸਨ । ਉਸ ਨੇ ਕਿਹਾ ਕਿ ਜਿਆਦਾਤਰ ਇੰਡਸਟਰੀਆਂ ਲੋਕਲ ਵਿਅਕਤੀਆਂ ਨੂੰ ਰੋਜਗਾਰ ਨਹੀਂ ਦਿੰਦੀਆਂ, ਪ੍ਰੰਤੂ ਇਸ ਇੰਡਸਟਰੀ ਨੇ ਲੋਕਲ ਵਿਅਕਤੀਆਂ ਨੂੰ ਰੋਜਗਾਰ ਦਿੱਤਾ ਹੈ । ਇੰਡਸਟਰੀ ਦਾ ਵਾਧਾ ਹੋਣਾ ਚਾਹੀਦਾ ਹੈ । ਉਸਨੇ ਇਹ ਵੀ ਕਿਹਾ ਕਿ 15 ਸਾਲ ਪਹਿਲਾਂ ਇੱਕ ਦੁਰਘਟਨਾ ਵਾਪਰੀ ਸੀ ਜਿਸ ਵਿੱਚ 170 ਲੋਕ, ਇੰਡਸਟਰੀਆਂ ਵਲੋਂ ਮਾੜਾ ਸਕਰੈਪ ਕੱਚੇ ਮਾਲ ਵਜ਼ੋ ਵਰਤਣ ਸਮੇਂ ਪੈਦਾ ਹੋਈ ਜਹਿਰੀਲੀ ਗੈਸ ਕਾਰਨ ਬੇਹੋਸ਼ ਹੋ ਗਏ ਸਨ। ਉਸ ਨੇ ਮੰਗ ਕੀਤੀ ਕਿ ਇੰਡਸਟਰੀ ਵਲੋ ਮਾੜਾ ਸਕਰੈਪ ਕੱਚੇ ਮਾਲ ਵਜ਼ੋਂ | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਜਨਤਾ ਵਿੱਚ ਜਾਗਰੂਕਤਾ ਆ ਗਈ ਹੈ । ਰੋਜਗਾਰ ਵਿੱਚ ਲੋਕਲ ਵਿਅਕਤੀਆਂ ਨੂੰ ਤਰਜੀਹ ਦਿੱਤੀ ਗਈ ਸੀ । ਉਸ ਨੇ ਅੱਗੇ ਦੱਸਿਆ ਕਿ ਇੰਡਸਟਰੀ ਵਲੋਂ ਬੂਟਿਆਂ ਦੀ ਦੇਖ-ਰੇਖ ਕੀਤੀ ਜਾਵੇਗੀ। ਉਸ ਨੇ ਇਹ ਵੀ ਦੱਸਿਆ ਕਿ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋ ਸਨਅਤ ਨੂੰ ਚਲਾਉਣ ਦੀ ਸਹਿਮਤੀ ਤਾਂ ਹੀ ਦਿੱਤੀ ਜਾਂਦੀ ਹੈ ਜੇਕਰ, ਇੰਡਸਟਰੀ ਟਰਮਜ਼ ਆਫ ਰੈਫਰੈਸ ਦੀ ਸ਼ਰਤ ਮੁਤਾਬਿਕ ਦਰੱਖਤ/ ਗਰੀਨ ਬੈਲਟ ਵਿਕਸਿਤ ਕਰਦੀ ਹੈ । ਉਸ ਨੇ ਅੱਗੇ ਦੱਸਿਆ ਕਿ ਸੜਕ ਦੇ ਮਸਲੇ ਬਾਰੇ ਜਿਲਾ ਪ੍ਰਸ਼ਾਸਨ ਕੰਮ ਕਰ ਰਿਹਾ ਹੈ । ਇੰਡਸਟਰੀ ਵਧੀਆ ਕੁਆਲਟੀ ਦਾ ਸਕਰੈਪ ਕੱਚੇ ਮਾਲ ਵਜ਼ੋ ਵਰਤੇਗੀ । ਇੰਡਸਟਰੀ ਤੋ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਪਲਸ ਜੈਟ ਬੈਗ ਫਿਲਟਰ ਪ੍ਰਦੂਸ਼ਣ ਰੋਕਥਾਮ ਯੰਤਰ ਵਜ਼ੋ ਅਤੇ ਪੀ.ਐਸ.ਸੀ.ਐਸ.ਟੀ, ਚੰਡੀਗੜ ਵਲੋ ਡਿਜ਼ਾਇਨ ਸਾਇਡ ਹੂਡਜ਼ ਲਗਾਏ ਜਾਣਗੇ । ਇੰਡਸਟਰੀ ਤੋ ਹੋਣ ਵਾਲੇ ਪ੍ਰਦੂਸ਼ਣ ਨੂੰ ਚੈਕ ਕਰਨ ਲਈ ਪ੍ਰਦੂਸ਼ਣ ਰੋਕਥਾਮ ਯੰਤਰ ਉਪਰ ਆਨਲਾਈਨ ਮੋਨੀਟਰਿੰਗ ਸਿਸਟਮ ਵੀ ਲਗਾਇਆ ਜਾਵੇਗਾ ਜਿਸ ਦੇ ਨਤੀਜ਼ੇ ਬੋਰਡ ਦੀ ਵੈਬਸਾਈਟ ਤੇ ਡਿਸਪਲੇਅ ਕੀਤੇ ਜਾਣਗੇ। ਇੰਡਸਟਰੀ ਵਲੋ ਕਿਸੇ ਵੀ ਮਾੜੀ ਘਟਨਾ ਨੂੰ ਨਜਿੱਠਣ ਲਈ ਆਨਸਾਈਟ ਐਮਰਜੰਸੀ ਪਲਾਨ ਬਣਾਇਆ ਗਿਆ ਹੈ ਜੋ ਕਿ ਈਆਈਏ ਰਿਪੋਰਟ ਦਾ ਹਿੱਸਾ ਹੈ । ਇੰਡਸਟਰੀ ਵਲੋ ਜਨਤਕ |

| | | | |
|---|---|---|---|
| | | ਨਹੀਂ ਵਰਤਣਾ ਚਾਹੀਦਾ । ਇੰਡਸਟਰੀਆਂ ਵਲੋ ਰਾਤ ਨੂੰ ਧੂਆਂ ਛੱਡਿਆ ਜਾਂਦਾ ਹੈ । ਇੰਡਸਟਰੀ ਨੂੰ ਹੋਰ ਜਿਆਦਾ ਦਰੱਖਤ ਲਗਾਉਣੇ ਚਾਹੀਦੇ ਹਨ ਅਤੇ ਉਹਨਾਂ ਦੀ ਦੇਖ ਭਾਲ ਕਰਨੀ ਚਾਹੀਦੀ ਹੈ । ਉਸ ਨੇ ਕਿਹਾ ਕਿ ਮੈਸ: ਰੁਦਰਾ ਅਲਾਇਜ਼ ਵਲੋ ਬਹੁਤ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਹੈ । ਇੰਡਸਟਰੀ ਦੇ ਵਾਧੇ ਨਾਲ ਉਹਨਾਂ ਦੇ ਪਿੰਡ ਨੂੰ ਫਾਇਦਾ ਹੋਵੇਗਾ । | ਸੁਣਵਾਈ ਦੋਰਾਨ ਕੀਤੇ ਗਏ ਵਾਅਦੇ ਪੂਰੇ ਕੀਤੇ ਜਾਣਗੇ । ਉਸ ਨੇ ਅੱਗੇ ਦੱਸਿਆ ਕਿ ਸੀਈਆਰ ਗਤੀਵਿਧੀਆਂ ਤਹਿਤ ਸਰਕਾਰੀ ਸਕੂਲ ਵਿੱਚ ਕੁੜੀਆਂ ਲਈ ਪਖਾਨੇ ਬਣਾਏ ਜਾਣਗੇ । |

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀ ਮੰਗੀ। ਇਸ ਤੋ ਪਿੱਛੋ ਉਹਨਾਂ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਵਿਸਤਾਰ ਯੋਜਨਾ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਲਗਭਗ ਸਾਰੇ ਲੋਕਾਂ ਨੇ ਪ੍ਰਸਤਾਵਤ ਵਾਧੇ ਦੇ ਹੱਕ ਵਿੱਚ ਹੱਥ ਉਠਾ ਕੇ ਪੁਸਟੀ ਕੀਤੀ । ਉਸ ਤੋ ਬਾਅਦ ਇਹ ਕਿਹਾ ਗਿਆ ਕਿ ਜੋ ਇਹ ਪ੍ਰਸਤਾਵ ਕਰਨ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਪ੍ਰੰਤੂ ਕਿਸੇ ਵੀ ਵਿਅਕਤੀ ਨੇ ਹੱਥ ਖੜਾ ਨਹੀਂ ਕੀਤਾ । ਇਸ ਜਨਤਕ ਸੁਣਵਾਈ ਵਿੱਚ 54 ਵਿਅਕਤੀਆਂ ਨੇ ਹਿੱਸਾ ਲਿਆ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

**(ਵਿਜੈ ਕੁਮਾਰ)**
ਵਾਤਾਵਰਣ ਇੰਜੀਨੀਅਰ
ਪੀਪੀਸੀਬੀ, ਖੇਤਰੀ ਦਫਤਰ,
ਫਤਹਿਗੜ ਸਾਹਿਬ

**(ਪਰਵੀਨ ਸਲੂਜਾ)**
ਵਾਤਾਵਰਣ ਇੰਜੀਨੀਅਰ (ਮੈਗਾ)
ਪੀਪੀਸੀਬੀ ਪਟਿਆਲਾ

**(ਜਸਪ੍ਰੀਤ ਸਿੰਘ), ਆਈ.ਏ.ਐਸ.**
ਅਡੀਸ਼ਨਲ ਡਿਪਟੀ ਕਮਿਸ਼ਨਰ,
ਫਤਹਿਗੜ ਸਾਹਿਬ